# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਡੀ.ਆਰ.ਪੀ.(ਮੈਥ, ਅੰਗ੍ਰੇਜ਼ੀ, ਸਾਇੰਸ, ਸਮਾਜਿਕ ਸਿੱਖਿਆ)
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/ 89860-63
ਮਿਤੀ, ਚੰਡੀਗੜ੍ਹ 05-09-2012

ਵਿਸ਼ਾ:- ਮੈਥ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦੇ ਸਾਂਝੇ ਕੁਇਜ਼ ਮੁਕਾਬਲੇ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਛੇਵੀਂ ਤੋਂ ਅਠੱਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਮੈਥ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦੀ ਪੜ੍ਹਾਈ ਵਿੱਚ ਗੁਣਾਤਮਕ ਸੁਧਾਰ ਲਈ ਪੰਜਾਬ ਰਾਜ ਦੇ ਸਮੂਹ ਬਲਾਕਾਂ ਵਿੱਚ ਮਿਤੀ 07.12.2012 ਨੂੰ ਸਾਂਝਾ ਬਲਾਕ ਪੱਧਰੀ ਕੁਇਜ਼ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਰਾਜ ਦੇ ਹਰ ਸਕੂਲ ਦੇ ਛੇਵੀਂ, ਸਤੱਵੀਂ ਅਤੇ ਅਠੱਵੀਂ ਜਮਾਤ (ਪ੍ਰਤੀ ਜਮਾਤ ਇੱਕ) ਵਿਦਿਆਰਥੀਆਂ ਦੀ ਟੀਮ ਨੂੰ ਭਾਗ ਲੈਣਾ ਹੈ।ਇਸੇ ਤਰ੍ਹਾਂ ਮਿਤੀ 21.12.2012 ਨੂੰ ਬਲਾਕ ਜੇਤੂ ਟੀਮਾਂ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਿੱਚ ਭਾਗ ਲੈਣਗੀਆਂ।

3.0 ਵਿਦਿਆਰਥੀਆਂ ਵਿੱਚ ਇਸ ਪ੍ਰਤੀ ਉਤਸ਼ਾਹ ਬਣਾਏ ਰੱਖਣ ਅਤੇ ਕੁਇਜ਼ ਮੁਕਾਬਲੇ ਵਿੱਚ ਸਮੇਂ ਸਿਰ ਤੇ ਸੁਰੱਖਿਅਤ ਪਹੁੰਚਣ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਤੋਂ ਭਾਗ ਲੈਣ ਲਈ ਕੁਇਜ਼ ਟੀਮ ਨੂੰ ਬਲਾਕ ਪੱਧਰ ਜਾਂ ਜ਼ਿਲ੍ਹਾ ਪੱਧਰ ਤੇ ਭਾਗ ਲੈਣ ਲਈ ਲਿਜਾਣ ਲਈ ਸਕੂਲ ਤੋਂ ਇੱਕ ਵਿਸ਼ਾ ਅਧਿਆਪਕ (ਸਾਇੰਸ/ਮੈਥ/ਅੰਗਰੇਜ਼ੀ/ਸਮਾਜਿਕ ਸਿੱਖਿਆ) ਦਾ ਲਾਜ਼ਮੀ ਤੌਰ ਤੇ ਟੀਮ ਦੀ ਅਗਵਾਈ ਲਈ ਭੇਜੇ ਅਤੇ ਵਾਪਿਸ ਟੀਮ ਨੂੰ ਸਕੂਲ ਵਿੱਚ ਪਹੁੰਚਾਣਾ ਯਕੀਨੀ ਬਣਾਏ।

5.0 ਇਸ ਸਬੰਧੀ ਕੁਇਜ਼ ਮੁਕਾਬਲੇ ਦੇ ਬਲਾਕ ਜਾਂ ਜ਼ਿਲ੍ਹਾ ਪੱਧਰ ਵਿੱਚ ਵਿਦਿਆਰਥੀਆਂ ਅਤੇ ਗਾਈਡ ਅਧਿਆਪਕ ਦੇ ਸਕੂਲ ਤੋਂ **Venue** ਤੱਕ ਪਹੁੰਚਣ ਲਈ ਆਉਣ ਅਤੇ ਜਾਣ ਵਾਲੇ **(nominal)** ਜਾਇਜ਼ ਖਰਚੇ ਦਾ ਪ੍ਰਬੰਧ ਸਕੂਲ ਮੁੱਖੀ ਆਪਣੇ ਪੱਧਰ ਤੇ ਕਰੇਗਾ।ਇਸ ਸਬੰਧੀ ਜੇਕਰ ਸਕੂਲ ਵਿੱਚ **amalgamated** ਫੰਡ ਉਪਲਬੱਧ ਹੈ ਤਾਂ ਉਸ ਵਿੱਚੋਂ ਖਰਚਾ ਕਰ ਲਿਆ ਜਾਵੇ। ਜੇਕਰ ਇਸ ਫੰਡ ਦੀ ਸਕੂਲ ਵਿੱਚ ਉਪਲਬੱਧੀ ਨਹੀਂ ਹੈ ਤਾਂ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਇੱਕਤਰ ਸਕੂਲ ਵੇਲਫੇਅਰ ਫੰਡ/ਸਕੂਲ ਗ੍ਰਾਂਟ ਵਿੱਚੋਂ ਖਰਚ ਕਰਨ ਦਾ ਪ੍ਰਬੰਧ ਕਰ ਸਕਦਾ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਉਤਸ਼ਾਹ ਬਣਿਆ ਰਹੇ।

6.0 ਇਸ ਤੋਂ ਇਲਾਵਾ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਡੀ.ਆਰ.ਪੀ. (ਮੈਥ, ਅੰਗਰੇਜ਼ੀ, ਸਮਾਜਿਕ ਸਿੱਖਿਆ ) ਅਤੇ ਬੀ.ਆਰ.ਪੀਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ, ਬਲਾਕ/ਜ਼ਿਲ੍ਹਾ ਪੱਧਰ ਤੇ ਆਉਣ ਵਾਲੀਆਂ ਟੀਮਾਂ ਅਤੇ ਅਧਿਆਪਕਾਂ ਲਈ **venue** ਵਾਲੇ ਸਕੂਲ ਮੁੱਖੀ ਨਾਲ ਤਾਲ-ਮੇਲ ਕਰਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਚਾਹ-ਬਿਸਕੁਟ/ਮਿਡ-ਡੇ-ਮੀਲ ਆਦਿ ਦਾ ਪ੍ਰਬੰਧ ਵੀ ਕਰ ਲਿਆ ਜਾਵੇ ਅਤੇ ਕੁਇਜ਼ ਦੇ **venue** ਬਾਰੇ ਹਰ ਸਕੂਲ ਨੂੰ ਵੇਲੇ ਸਿਰ ਸੂਚਿਤ ਕੀਤਾ ਜਾਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ